**ਡਾਇਰੈਕਟੋਰੇਟ,**
**ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ**
**ਐਸ.ਸੀ.ਓ. ਨੰ. 7, ਫੇਜ-1, ਐਸ.ਏ.ਐਸ. ਨਗਰ ।**

ਸੇਵਾ ਵਿਖੇ,

1. ਡਾਇਰੈਕਟਰ, ਉਚੇਰੀ ਸਿੱਖਿਆ ਵਿਭਾਗ, ਪੰਜਾਬ, ਐਸ.ਏ.ਐਸ.ਨਗਰ;
2. ਡਾਇਰੈਕਟਰ, ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ, ਪੰਜਾਬ;
3. ਡਾਇਰੈਕਟਰ, ਤਕਨੀਕੀ ਸਿੱਖਿਆ ਵਿਭਾਗ, (ਆਈ.ਟੀ.ਆਈ.ਵਿੰਗ), ਪੰਜਾਬ, ਚੰਡੀਗੜ੍ਹ;
4. ਡਾਇਰੈਕਟਰ, ਤਕਨੀਕੀ ਸਿੱਖਿਆ ਵਿਭਾਗ, (ਇੰਜ. ਅਤੇ ਪੋਲੀ.ਵਿੰਗ), ਪੰਜਾਬ, ਚੰਡੀਗੜ੍ਹ;
5. ਡਾਇਰੈਕਟਰ, ਡੀ.ਪੀ.ਆਈ. (ਸਕੂਲਜ), ਐਸ.ਏ.ਐਸ.ਨਗਰ ;
6. ਡਾਇਰੈਕਟਰ, ਐਸ.ਸੀ.ਈ.ਆਰ.ਟੀ., ਐਸ.ਏ.ਐਸ.ਨਗਰ;
7. ਡਾਇਰੈਕਟਰ, ਪਸ਼ੂ ਪਾਲਣ ਵਿਭਾਗ, ਪੰਜਾਬ, ਐਸ.ਏ.ਐਸ.ਨਗਰ;

ਪੱਤਰ ਨੰ: ਸ-17/ ੫੮੯੧ – ੫੮੯੭
ਮਿਤੀ: 18-3-2026

ਵਿਸ਼ਾ: **ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ.ਸਟੂਡੈਂਟਸ ਸਕੀਮ ਤਹਿਤ ਡਾ. ਅੰਬੇਦਕਰ ਸਕਾਲਰਸ਼ਿਪ ਪੋਰਟਲ ਤੇ ਸਾਲ 2025-26 ਦੇ ਵਿਦਿਆਰਥੀਆਂ ਨੂੰ ਡਰਾਪ ਆਊਟ ਹੋਣ ਬਾਰੇ ਸੂਚਨਾ ਅਪਡੇਟ ਕਰਨ ਸਬੰਧੀ ।**

ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ.ਸਟੂਡੈਂਟਸ ਸਕੀਮ ਤਹਿਤ ਡਾ. ਅੰਬੇਦਕਰ ਸਕਾਲਰਸ਼ਿਪ ਪੋਰਟਲ ਤੇ ਸਾਲ 2025-26 ਦੇ ਵਿਦਿਆਰਥੀਆਂ ਨੂੰ ਡਰਾਪ ਆਊਟ ਹੋਣ ਬਾਰੇ ਸੂਚਨਾ ਅਪਡੇਟ ਕਰਨ ਦਾ ਉਪਬੰਧ ਕੀਤਾ ਗਿਆ ਹੈ । ਇਸ ਲਈ ਬੇਨਤੀ ਆਪ ਦੇ ਵਿਭਾਗ ਨਾਲ ਸਬੰਧਤ ਸੰਸਥਾਵਾਂ ਨੂੰ ਸਾਲ 2025-26 ਦੇ ਡਰਾਪ ਆਊਟ ਵਿਦਿਆਰਥੀਆਂ ਦੀ ਸੂਚਨਾ ਦੋ ਦਿਨਾਂ ਦੇ ਅੰਦਰ ਅੰਦਰ ਅਪਡੇਟ ਕਰਨ ਲਈ ਲੋੜੀਦੀਆਂ ਹਦਾਇਤਾਂ ਜਾਰੀ ਕਰਵਾਉਣ ਦੀ ਖੇਚਲਾ ਕੀਤੀ ਜਾਵੇ ਜੀ ਤਾਂ ਜੋ ਸਾਲ 2025-26 ਦੇ ਅਦਾਇਗੀ ਤੋਂ ਬਕਾਇਆ ਰਹਿੰਦੇ ਯੋਗ ਵਿਦਿਆਰਥੀਆਂ ਨੂੰ ਅਦਾਇਗੀ ਕਰਵਾਈ ਜਾ ਸਕੇ ਜੀ।

ਆਪ ਜੀ ਦੇ ਧਿਆਨ ਵਿੱਚ ਇਹ ਵੀ ਲਿਆਦਾ ਜਾਂਦਾ ਹੈ ਕਿ ਕੇਵਲ ਡਾ. ਅੰਬੇਦਕਰ ਸਕਾਲਰਸ਼ਿਪ ਪੋਰਟਲ ਤੇ ਡਰਾਪ ਆਊਟ ਵਿਦਿਆਰਥੀਆਂ ਦੀ ਸੂਚਨਾ ਨੂੰ ਅੰਤਮ ਮੰਨਿਆ ਜਾਵੇਗਾ, ਪੱਤਰ/ਈ-ਮੇਲ ਸਵੀਕਾਰ ਨਹੀ ਕੀਤੇ ਜਾਣਗੇ ਜੀ।

ਨੋਡਲ ਅਫ਼ਸਰ (ਸਕੀਮ)

ਪਿੱਠ ਅੰਕਣ ਨੰ:ਸ-17/ ੫੮੯੮ ਮਿਤੀ: 18-3-2026

ਉਤਾਰਾ: ਪੀ.ਐਸ.ਟੂ ਡਾਇਰੈਕਟਰ, ਸਮਾਜਿਕ ਨਿਆ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ, ਐਸ.ਏ.ਐਸ.ਨਗਰ ਜੀ ਨੂੰ ਸੂਚਨਾ ਹਿੱਤ ਜੀ।

ਨੋਡਲ ਅਫ਼ਸਰ (ਸਕੀਮ)

202643096
19/3/2026

ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ ਸੈਕੰਡਰੀ), ਪੰਜਾਬ, ਐਸ.ਏ.ਐਸ ਨਗਰ।
ਪੰ.ਸ.ਸਿੱ ਬੋਰਡ ਕੰਪਲੈਕਸ, ਚੌਥੀ ਮੰਜ਼ਿਲ, ਫੇਜ-VIII, ਐਸ.ਏ.ਐਸ ਨਗਰ
(ਵਜ਼ੀਫਾ ਸ਼ਾਖਾ)

ਜੀ-5

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਪੰਜਾਬ।

ਮੀਮੋ ਨੰ: 690523/2026

ਮਿਤੀ:ਐਸ.ਏ.ਐਸ ਨਗਰ: 18.03.2026

**ਵਿਸ਼ਾ:-** **ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ ਸਟੂਡੈਂਟ ਸਕੀਮ ਤਹਿਤ ਡਾ.ਅੰਬੇਦਕਰ ਸਕਾਲਰਸ਼ਿਪ ਪੋਰਟਲ ਤੇ ਸਾਲ 2025-26 ਦੇ ਵਿਦਿਆਰਥੀ ਨੂੰ ਡਰਾਪ ਆਊਟ ਹੋਣ ਬਾਰੇ ਸੂਚਨਾ ਅਪਡੇਟ ਕਰਵਾਉਣ ਸਬੰਧੀ।**

**ਹਵਾਲਾ** **ਡਾਇਰੈਕਟਰ ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਦੇ ਪੱਤਰ ਨੰਬਰ ਸ-17/4891-4897 ਮਿਤੀ 18.03.2026 ਦੇ ਸਬੰਧ ਵਿਚ।**

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੀ ਕਾਪੀ ਆਪ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਡਾ. ਅੰਬੇਦਕਰ ਪੋਰਟਲ ਤੇ ਸਾਲ 2025-26 ਦੇ ਵਿਦਿਆਰਥੀ ਜੋ ਡਰਾਪ ਆਊਟ ਹੋ ਚੁੱਕੇ ਹਨ, ਦੀ ਸੂਚਨਾ ਅਪਡੇਟ ਕਰਨ ਦਾ ਉਪਬੰਦ ਹੈ। ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ 2 ਦਿਨਾਂ ਦੇ ਅੰਦਰ-ਅੰਦਰ ਸਾਲ 2025-26 ਦੇ ਵਿਦਿਆਰਥੀਆਂ ਦੀ ਸੂਚਨਾ ਅਪਡੇਟ ਕਰਨੀ ਯਕੀਨੀ ਬਣਾਈ ਜਾਵੇ। ਡਾ. ਅੰਬੇਦਕਰ ਪੋਰਟਲ ਤੇ ਡਰਾਪ ਆਊਟ ਵਿਦਿਆਰਥੀਆਂ ਦੀ ਸੂਚਨਾ ਨੂੰ ਹੀ ਅੰਤਿਮ ਮੰਨਿਆਂ ਜਾਵੇਗਾ।

18/3/26
ਸੁਪਰਡੰਟ (ਵਜ਼ੀਫਾ)

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ), ਬਠਿੰਡਾ।

ਪਿੱਠ ਅੰਕਣ ਨੰ: ਜੀ-5/1()/2026/328 ਮਿਤੀ: 19-03-2026

ਉਪਰੋਕਤ ਦਾ ਉਤਾਰਾ ਸਮੂਹ ਸਰਕਾਰੀ ਸੀਨੀ. ਸੈਕੰ. ਸਕੂਲ/ਪ੍ਰਾਈਵੇਟ ਏਡਿਡ/ਕਾਲਜ ਦੇ ਮੁੱਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿੱਚ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ। ਡਾ. ਅੰਬੇਦਕਰ ਪੋਰਟਲ ਤੇ ਸੰਸਥਾ ਦੀ ID open ਕਰਨ ਉਪਰੰਤ Mid Term Review Option ਵਿੱਚ ਜਾ ਕੇ ਵਿਦਿਆਰਥੀ ਜੋ ਡਰਾਪ ਆਊਟ ਹਨ ਉਹਨਾਂ ਨੂੰ update ਕੀਤਾ ਜਾਵੇ। ਕਿਸੇ ਵੀ ਸੰਸਥਾ ਵਲੋਂ ਪੋਸਟ ਮੈਟ੍ਰਿਕ ਐਸ.ਸੀ. ਦੇ ਡਰਾਪ ਆਊਟ ਵਿਦਿਆਰਥੀਆਂ ਦੀ ਸੂਚਨਾ ਹਾਰਡ ਜਾਂ Whatsapp ਤੇ ਭੇਜੀ ਜਾਂਦੀ ਤਾਂ ਉਹ ਮਨਜ਼ੂਰ ਨਹੀਂ ਕੀਤੀ ਜਾਵੇਗੀ। ਜੋ ਡਰਾਪ ਆਊਟ ਵਿਦਿਆਰਥੀਆਂ ਦੀ ਸੂਚਨਾ ਡਾ. ਅੰਬੇਦਕਰ ਪੋਰਟਲ ਤੇ ਦੋ ਦਿਨਾਂ ਦੇ ਅੰਦਰ-ਅੰਦਰ update ਕੀਤੀ ਜਾਵੇ। ਜੇਕਰ ਕਿਸੇ ਅਯੋਗ ਵਿਦਿਆਰਥੀ ਨੂੰ ਵਜ਼ੀਫ਼ੇ ਦੀ ਰਾਸ਼ੀ Transfer ਹੋ ਜਾਂਦੀ ਹੈ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸਬੰਧਤ ਸਕੂਲ ਦੇ ਵਜ਼ੀਫਾ ਨੋਡਲ ਅਫਸਰ ਅਤੇ ਸਕੂਲ ਮੁੱਖੀ ਦੀ ਹੋਵੇਗੀ।

19/03/26
ਉਪ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ)
ਬਠਿੰਡਾ
19/03/26